# ਮਾਡਲ ਪ੍ਰਸ਼ਨ ਪੱਤਰ (ਗਣਿਤ ਟਰਮ–II)
## ਜਮਾਤ–ਅੱਠਵੀਂ

ਕੁੱਲ ਅੰਕ:40 ਸਮਾਂ: 2 ਘੰਟੇ

ਜਰੂਰੀ ਨੋਟ:-

**(i)** ਸਾਰੇ ਪ੍ਰਸ਼ਨ ਜਰੂਰੀ ਹਨ।

**(ii)** ਭਾਗ–ੳ ਵਿੱਚ ਪ੍ਰਸ਼ਨ ਨੰ: 1 ਤੋਂ 4 ਤੱਕ ਹਰੇਕ ਪ੍ਰਸ਼ਨ ਦੋ ਅੰਕ ਦਾ ਹੈ।

**(iii)** ਭਾਗ–ਅ ਵਿੱਚ ਪ੍ਰਸ਼ਨ ਨੰ: 5 ਤੋਂ 9 ਤੱਕ ਹਰੇਕ ਪ੍ਰਸ਼ਨ ਚਾਰ ਅੰਕ ਦਾ ਹੈ।ਇਹਨਾਂ ਪ੍ਰਸ਼ਨਾਂ ਵਿੱਚ ਕਿਸੇ ਵੀ ਤਿੰਨ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।

**(iv)** ਭਾਗ–ੲ ਵਿੱਚ ਪ੍ਰਸ਼ਨ ਨੰ: 10 ਤੋਂ 11 ਤੱਕ ਹਰੇਕ ਪ੍ਰਸ਼ਨ ਛੇ ਅੰਕ ਦਾ ਹੈ।ਇਹਨਾਂ ਸਾਰੇ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੋਵੇਗੀ ।

### ਭਾਗ–ੳ

**1.** ਦੋ ਸੰਖਿਆਵਾਂ ਵਿੱਚ ਅਨੁਪਾਤ 2:5 ਹੈ। ਜੇਕਰ ਉਹਨਾਂ ਵਿੱਚ ਅੰਤਰ 66 ਹੈ ਤਾਂ ਸੰਖਿਆਵਾਂ ਪਤਾ ਕਰੋ।

2. ਇੱਕ ਥੈਲੇ ਵਿੱਚ 4 ਲਾਲ ਗੇਂਦਾ ਅਤੇ 2 ਪੀਲੀਆਂ ਗੇਂਦਾ ਹਨ।ਥੈਲੇ ਦੇ ਅੰਦਰ ਦੇਖੇ ਬਿਨਾਂ ਇੱਕ ਗੇਂਦ ਕੱਢੋ।ਇੱਕ ਲਾਲ ਗੇਂਦ ਪ੍ਰਾਪਤ ਕਰਨ ਦੀ ਸੰਭਾਵਨਾ ਪਤਾ ਕਰੋ।

3. ਇੱਕ ਇਸ ਤਰ੍ਹਾਂ ਦੇ ਘਣ ਦੀ ਭੁਜਾ ਪਤਾ ਕਰੋ ਜਿਸਦੀ ਕੁੱਲ ਸਤ੍ਹਾ ਦਾ ਖੇਤਰਫਲ 66ਸਮ$^2$ ਹੈ।

4. ਕਿਸੇ ਸਾਫਟ ਡਰਿੰਕ ਫੈਕਟਰੀ ਵਿੱਚ ਇੱਕ ਮਸ਼ੀਨ 840 ਬੋਤਲਾਂ 6 ਘੰਟੇ ਵਿੱਚ ਭਰਦੀ ਹੈ ਉਹ ਮਸ਼ੀਨ ਪੰਜ ਘੰਟੇ ਵਿੱਚ ਕਿੰਨੀਆਂ ਬੋਤਲਾਂ ਭਰੇਗੀ ?

### ਭਾਗ–ਅ

5. ਸਮੀਕਰਨ $\frac{3y+4}{2-6y} = \frac{-2}{5}$ ਨੂੰ ਹੱਲ ਕਰੋ।

ਜਾਂ

ਅਰਜੁਨ ਦੀ ਉਮਰ ਸ਼ਰੇਆ ਦੀ ਉਮਰ ਤੋਂ ਦੁੱਗਣੀ ਹੈ। 5 ਸਾਲ ਪਹਿਲਾਂ ਉਸਦੀ ਉਮਰ ਸ਼ਰੇਆ ਦੀ ਉਮਰ ਦੀ ਤਿੰਨ ਗੁਣਾ ਸੀ। ਦੋਨਾਂ ਦੀ ਉਮਰ ਪਤਾ ਕਰੋ।

6. ਇੱਕ ਸਮਚਤੁਰਭੁਜ ਦੀ ਰਚਨਾ ਕਰੋ ਜਿਸਦੇ ਵਿਕਰਨਾਂ ਦੀ ਲੰਬਾਈ 5.2 ਸਮ ਅਤੇ 6.4 ਸਮ ਹੈ।

ਜਾਂ


ਚਤੁਰਭੁਜ **MORE** ਦੀ ਰਚਨਾ ਕਰੋ ਜਿਸ ਵਿੱਚ

**MO = 6cm, OR = 4.5 , $\angle$M = $60^0$, $\angle$O = $105^0$ ਅਤੇ $\angle$R = $105^0$** ਹੈ।

**7.** ਕਿਸੇ ਬਹੁਫਲਕ ਦੇ 6 ਸਿਖਰ ਅਤੇ 12 ਕਿਨਾਰੇ ਹਨ।ਇਸ ਬਹੁਫਲਕ ਦੇ ਫਲਕ ਪਤਾ ਕਰੋ।

8. ਇੱਕ ਹੋਸਟਲ ਦੇ 100 ਵਿਦਿਆਰਥੀ ਹਨ ਅਤੇ ਉਹਨਾਂ ਦੇ ਭੋਜਨ ਦੀ ਸਮੱਗਰੀ 20 ਦਿਨ ਦੇ ਲਈ ਕਾਫੀ ਹੈ। ਜੇ ਇਸ ਸਮੂਹ ਵਿੱਚ 25 ਵਿਦਿਆਰਥੀ ਹੋਰ ਆ ਜਾਣ ਤਾਂ ਇਹ ਭੋਜਨ ਸਮੱਗਰੀ ਕਿੰਨੇ ਦਿਨ ਚੱਲੇਗੀ ?

9. ਦਿੱਤਾ ਗਿਆ ਗਰਾਫ, ਕਿਸੇ ਹਸਪਤਾਲ ਵਿੱਚ ਇੱਕ ਰੋਗੀ ਦਾ ਪ੍ਰਤੀ ਘੰਟੇ ਲਿਆ ਗਿਆ ਤਾਪਮਾਨ ਦਰਸਾਉਂਦਾ ਹੈ, ਤਾਂ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ:




**(i)** ਦੁਪਹਿਰ 1 ਵਜੇ ਰੋਗੀ ਦਾ ਤਾਪਮਾਨ ਕੀ ਸੀ?

**(ii)** ਰੋਗੀ ਦਾ ਤਾਪਮਾਨ $38.5^0$ **C** ਕਦੋਂ ਸੀ?

**(iii)** ਇਸ ਪੂਰੇ ਅੰਤਰਾਲ ਵਿੱਚ ਰੋਗੀ ਦਾ ਤਾਪਮਾਨ ਦੋ ਵਾਰ ਇੱਕ ਸਮਾਨ ਹੀ ਸੀ, ਇਹ ਦੋ ਸਮੇਂ ਕਿਹੜੇ–ਕਿਹੜੇ ਸਨ?

**(iv)** 1.30 ਵਜੇ ਰੋਗੀ ਦਾ ਤਾਪਮਾਨ ਕੀ ਸੀ?

ਜਾਂ

ਹੇਠ ਲਿਖੇ ਬਿੰਦੂਆਂ ਨੂੰ ਵਰਗੀਕ੍ਰਿਤ ਕਾਗਜ਼ ‘ਤੇ ਅੰਕਿਤ ਕਰੋ ਅਤੇ ਦੇਖੋ ਕਿ ਉਹ ਸਾਰੇ ਇੱਕ ਹੀ ਰੇਖਾ ਵਿੱਚ ਹਨ, ਜੇ ਹਨ ਤਾਂ ਉਸ ਰੇਖਾ ਨੂੰ ਨਾਂ ਦਿਉ।

**A (1,1), B ( 1,2), C( 1,3), D (1,4)**

ਭਾਗ-ੲ

**10.** ਕਿਸੇ ਡਿਪਾਰਟਮੈਂਟਲ ਸਟੋਰ 'ਤੇ ਖਰੀਦਦਾਰੀ ਕਰਨ ਆਏ ਵਿਅਕਤੀਆਂ ਨੂੰ ਇਸ ਪ੍ਰਕਾਰ ਅੰਕਿਤ ਕੀਤਾ ਜਾ ਸਕਦਾ ਹੈ: ਪੁਰਸ਼ (M) , ਔਰਤਾਂ (W) , ਲੜਕਾ (B) , ਲੜਕੀ (G)। ਹੇਠ ਲਿਖੀ ਸੂਚੀ ਉਹਨਾਂ ਖਰੀਦਦਾਰਾਂ ਨੂੰ ਦਰਸਾਉਂਦੀ ਹੈ ਜੋ ਸਵੇਰ ਦੇ ਸਮੇਂ ਵਿੱਚ ਆਏ ਹਨ:

**WWWGBWWMGGMMWWWWGBMWBGGMWWMMWW**
**WMWBWGMWWWWGWMMWWMWGWMGWMMBGGW**

ਮਿਲਾਨ ਚਿਨ੍ਹਾਂ ਦੀ ਵਰਤੋਂ ਕਰਦੇ ਹੋਏ ਇੱਕ ਬਾਰੰਬਾਰਤਾ ਵੰਡ ਸਾਰਣੀ ਬਣਾਉ। ਇਸ ਨੂੰ ਦਰਸਾਉਣ ਲਈ ਇੱਕ ਛੜ ਗਰਾਫ ਖਿੱਚੋ।


ਜਾਂ

ਇੱਕ ਖਾਸ ਦਿਨ ਵਿੱਚ ਕਿਸੇ ਬੇਕਰੀ ਦੀ ਦੁਕਾਨ ਵਿੱਚ ਹੋਈ ਵੱਖ-ਵੱਖ ਵਸਤੂਆਂ ਦੀ ਵਿਕਰੀ (ਰੁਪਇਆਂ ਵਿੱਚ) ਹੇਠਾਂ ਦਿੱਤੀ ਗਈ ਹੈ:

| | | |
|---|---|---|
| ਆਮ ਬਰੈਡ | : | 320 |
| ਫਰੂਟ ਬਰੈਡ | : | 80 |
| ਕੇਕ ਅਤੇ ਪੇਸਟਰੀ | : | 160 |
| ਬਿਸਕੁਟ | : | 120 |
| ਹੋਰ | : | 40 |
| **ਕੁੱਲ** | **:** | **720** |

ਇਹਨਾਂ ਅੰਕੜਿਆਂ ਲਈ ਇੱਕ ਪਾਈ ਚਾਰਟ ਬਣਾਉ।

11. ਸ਼੍ਰੀਮਤੀ ਕੌਸ਼ਿਕ ਕੋਲ ਚਿੱਤਰ ਵਿੱਚ ਦਰਸਾਏ ਗਏ ਮਾਪ ਵਾਲਾ ਇੱਕ ਵਰਗਾਕਾਰ ਪਲਾਟ ਹੈ। ਉਹ ਪਲਾਟ ਦੇ ਵਿੱਚ ਇੱਕ ਘਰ ਬਣਾਉਣਾ ਚਾਹੁੰਦੀ ਹੈ। ਘਰ ਦੇ ਚਾਰੇ ਪਾਸੇ ਇੱਕ ਬਗੀਚੇ ਨੂੰ ਤਿਆਰ ਕੀਤਾ ਗਿਆ ਹੈ। 55 ਰੁਪਏ ਪ੍ਰਤੀ ਵਰਗ ਮੀਟਰ ਦੀ ਦਰ ਨਾਲ ਇਸ ਬਗੀਚੇ ਨੂੰ ਤਿਆਰ ਕਰਨ ਦਾ ਖਰਚ ਪਤਾ ਕਰੋ।




ਜਾਂ

ਕਿਸੇ ਭਵਨ ਦੇ ਫਰਸ਼ 'ਤੇ ਸਮਚਤੁਰਭੁਜ ਦੇ ਆਕਾਰ ਦੀਆਂ 3000 ਟਾਈਲਾਂ ਹਨ ਅਤੇ ਇਸ ਵਿੱਚ ਹਰੇਕ ਵਿਕਰਨ 45ਸਮ ਅਤੇ 30ਸਮ ਲੰਬਾਈ ਦੇ ਹਨ। 4 ਰੁਪਏ ਪ੍ਰਤੀ ਵਰਗ ਮੀਟਰ ਦੀ ਦਰ ਨਾਲ ਇਸ ਫਰਸ਼ ਨੂੰ ਪਾਲਿਸ਼ ਕਰਨ ਦਾ ਖਰਚ ਪਤਾ ਕਰੋ।